# **ਆਰਟਸ ਪ੍ਰੈਕਟਿਸ**
# **(ਕਲਾ ਅਭਿਆਸ)**

*2020 ਵਿਚ ਮਾਹਿਰਾਂ ਦੇ ਇਕ ਪੈਨਲ, ਜਿਸ ਵਿਚ ਜਸਟਿਨ ਮੈਕਕਾਰਥੀ, ਨੀਲਮ ਮਾਨ ਸਿੰਘ, ਗਿਤਾਂਜਲੀ ਰਾਓ ਅਤੇ ਸੰਜੈ ਕਾਕ ਸਨ, ਨੇ ਆਰਟਸ ਪ੍ਰੈਕਟਿਸ ਪ੍ਰੋਗਰਾਮ ਨੂੰ ਮੁੜ ਵਿਚਾਰਿਆ। ਮੁੜ ਵਿਚਾਰਨ ਦੇ ਇਸ ਅਮਲ ਵਿਚ, ਅਸੀਂ ਭਾਰਤ ਦੇ ਆਰਟਸ ਪ੍ਰੈਕਟਿਸ (ਕਲਾ ਅਭਿਆਸ) ਅਤੇ ਪਰਉਪਕਾਰੀ ਦਾਨ ਦੇ ਖੇਤਰ ਵਿਚੋਂ ਮਦਦ ਲੈਣ ਲਈ ਸੁਝਾਅ ਮੰਗੇ (ਕਿਰਪਾ ਕਰਕੇ ਵਾਇਸਜ ਫਰੌਮ ਦਿ ਵਿਜ਼ੂਅਲ ਆਰਟਸ ਅਤੇ ਫ਼ਿਲਮਾਂ ਅਤੇ ਪ੍ਰਫੌਰਮੈਂਸ ਅਤੇ ਸਾਹਿਤ ਦੀਆਂ ਫੀਲਡ ਰਿਪੋਰਟਾਂ ਪੜ੍ਹੋ)। ਪੈਨਲ ਨੇ ਆਈ.ਐਫ਼.ਏ. ਨੂੰ ਕੁਝ ਸੁਝਾਅ ਦਿੱਤੇ ਅਤੇ ਇਹ ਨਵੀਨ ਆਰਟਸ ਪ੍ਰੈਕਟਿਸ ਪ੍ਰੋਗਰਾਮ ਇਹਨਾਂ ਸੁਝਾਵਾਂ ਦਾ ਸਿੱਟਾ ਹੈ।*

**ਆਰਟਸ ਪ੍ਰੈਕਟਿਸ** ਪ੍ਰੋਗਰਾਮ ਇਹੋ ਜਿਹੇ ਪ੍ਰੋਜੈਕਟ ਅਮਲ ਵਿਚ ਲਿਆਉਣੇ ਚਾਹੁੰਦਾ ਹੈ, ਜਿਹੜੇ ਕਲਾਕਾਰਾਂ ਦੇ ਮੌਜੂਦਾ ਪ੍ਰੈਕਟਿਸਜ ਦੀ ਰੇਂਜ ਨੂੰ ਨਵੀਆਂ ਦਿਸ਼ਾਵਾਂ ਦੇਣ। ਇਹ ਕਲਾਕਿਰਤਾਂ ਬਣਾਉਣ ਦੀਆਂ ਪਿਰਤਾਂ ਨੂੰ ਸਵਾਲ ਕਰਨ ਵਾਲੇ ਹੋ ਸਕਦੇ ਹਨ; ਜਿਨਾਂ ਨਾ.ਲ ਕੌਂਟੈਂਟ(ਤੱਤ), ਫਾਰਮ(ਸ਼ਕਲ), ਅਤੇ ਮਾਧਿਅਮ ਦੀਆਂ ਹੱਦਾਂ ਵਧਾਈਆਂ ਜਾਣ; ਸਪੇਸ, ਦਰਸ਼ਕਾਂ ਅਤੇ ਕਲਾਕਾਰ ਬਿਰਾਦਰੀਆਂ ਵਿਚ ਸਾਂਝ ਬਣਾਉਣ ਦੇ ਨਵੇਂ ਤਰੀਕੇ ਖੋਜਦਿਆਂ ਤਜ਼ਰਬੇਕਾਰ ਸਪਿਰਿਟ ਨੂੰ ਅੱਗੇ ਲਿਆਂਦਾ ਜਾਵੇ।

ਪ੍ਰੋਜੈਕਟ ਮੁੱਢਲੇ ਵਿਚਾਰਾਂ ਨੂੰ ਵਧਾਉਣ, ਕਲਾਕਿਰਤਾਂ ਨੂੰ ਮੁਕੰਮਲ ਕਰਨ, ਸੈਮੀਨਾਰ, ਰਿਹਾਇਸ਼ੀ ਸਪੇਸ ਅਤੇ ਵਰਕਸ਼ਾਪਾਂ ਰਾਹੀਂ ਸੰਵਾਦ ਅਤੇ ਵਿਚਾਰਕ ਸਾਂਝ ਦੀਆਂ ਥਾਵਾਂ ਬਨਾਉਣ; ਅਤੇ ਕਲਾ ਅਭਿਆਸੀਆਂ ਵਿਚ ਸਾਂਝੀਵਾਲਤਾ ਬਨਾਉਣ ਵਾਲੇ ਮੰਚ ਤਿਆਰ ਦੀ ਸ਼ਕਲ ਲੈ ਸਕਦੇ ਹਨ। ਪ੍ਰੋਗਰਾਮ ਅੰਗਰੇਜੀ ਤੋਂ ਇਲਾਵਾ ਬਾਕੀ ਭਾਰਤੀ ਬੋਲੀਆਂ ਵਿਚ ਕੰਮ ਅਤੇ ਵੱਖਰੀਆਂ ਪ੍ਰੈਕਟਿਸਜ ਵਿਚ ਤਾਲਮੇਲ ਨੂੰ ਉਤਸ਼ਾਹ ਦਿੰਦਾ ਹੈ। ਤੁਸੀਂ ਆਪਣੇ ਪ੍ਰਸਤਾਵ ਦੀਆਂ ਅਰਜ਼ੀਆਂ ਲਿਖਤੀ, ਜਾਂ ਆਡੀਓ /ਵੀਡੀਓ ਰੂਪ ਵਿਚ ਭੇਜ ਸਕਦੇ ਹੋ, ਪ੍ਰਸਤਾਵ ਬਾਰੇ ਗੱਲਬਾਤ ਜਾਂ ਉਸਨੂੰ ਅੱਗੇ ਵਿਕਸਿਤ ਕਰਨ ਲਈ ਆਈ.ਐਫ.ਏ. ਸਟਾਫ਼ ਨਾ.ਲ ਸੰਪਰਕ ਕਰਨ ਲਈ ਤੁਹਾਡਾ ਸਵਾਗਤ ਹੈ।

ਪ੍ਰੋਗਰਾਮ ਹੇਠ ਲਿਖੀਆਂ ਸ਼੍ਰੇਣੀਆਂ ਦੇ ਪ੍ਰੋਜੈਕਟ ਬਣਾਵੇਗਾ:

1. **ਐਕਸਪਲੋਰੇਸ਼ਨਜ(ਤਜ਼ਰਬੇ):**
   ਮੁੱਢਲੇ, ਜੋਖ਼ਮ ਭਰੇ ਜਾਂ ਅਸਲੋਂ ਨਵੇਂ ਖਿਆਲਾਂ ਨੂੰ ਵਿਚਾਰਨਾ, ਪਰਖ ਕਰਨਾ ਅਤੇ ਬਣਾ ਕੇ ਖੇਡ ਕੇ ਦੇਖਣਾ; ਜਿਸ ਵਿਚੋਂ ਕੋਈ ਮੁਕੰਮਲ ਕਲਾਕਿਰਤ ਨਿੱਕਲੇ ਜਾਂ ਨਾ। ਇਸ ਵਿਚ ਖੋਜ, ਸਕ੍ਰਿਪਟ ਲਿਖਣੀ, ਗੀਤ-ਸੰਗੀਤ ਬਨਾਉਣਾ, ਸਟੋਰੀਬੋਰਡ ਬਨਾਉਣਾ, ਰਿਹਰਸਲ, ਸੈਂਪਲਿੰਗ ਅਤੇ ਕਿਸੇ ਵੀ ਤਰ੍ਹਾਂ ਦਾ ਤਜ਼ਰਬੇ ਵਾਲਾ ਕੰਮ ਹੋ ਸਕਦੇ ਹਨ, ਜਿਨ੍ਹਾਂ ਨਾ.ਲ ਵਿਚਾਰ ਪਰਖੇ ਜਾ ਸਕਦੇ ਹੋਣ।
   *ਬਜਟ:* ਵੱਧ ਤੋਂ ਵੱਧ 75, 000 ਰੁਪਏ
   *ਕੈਲੰਡਰ: ਸਾਲ ਵਿਚ ਇਕ ਵਾਰ ਜਨਤਕ ਪ੍ਰਸਤਾਵਾਂ ਦੀ ਮੰਗ ਰਾਹੀਂ ਪ੍ਰਸਤਾਵ ਮੰਗੇ ਜਾਣਗੇ।*

2. **ਪ੍ਰੋਡਕਸ਼ਨਜ:**
   ਪ੍ਰਫੌਰਮੈਟਿਵ, ਔਰਲ (ਸੁਣਨ ਵਾਲੇ), ਵਿਜ਼ੂਅਲ, ਡਿਜੀਟਲ, ਸਾਹਿਤਿਕ ਜਾਂ ਹੋਰ ਵੱਖਰੀਆਂ ਵਿਧਾਵਾਂ ਵਾਲੇ ਕੰਮ। ਜਿਨ੍ਹਾਂ ਵਿਚ ਰੰਗ-ਮੰਚ, ਨਾਚ, ਗੀਤ-ਸੰਗੀਤ, ਇੰਸਟਾਲੇਸ਼ਨ, ਨੁਮਾਇਸ਼, ਕਿਤਾਬਾਂ, ਰਸਾਲੇ ਜਾਂ ਹੋਰ ਪ੍ਰਕਾਸ਼ਨਾਵਾਂ,

ਫ਼ਿਲਮ ਅਤੇ ਚਲਦੀਆਂ ਤਸਵੀਰਾਂ ਦੀ ਪਰਦਾਪੇਸ਼ੀ, ਗੇਮਜ(ਖੇਡਾਂ), ਇੰਟਰਫੇਸ ਅਤੇ ਹੋਰ ਡਿਜੀਟਲ ਕੰਮ, ਅਤੇ ਹੋਰ ਕਿਸੇ ਵੀ ਅਣਕਿਆਸੀ ਸ਼ਕਲ ਦੀਆਂ ਪ੍ਰੋਡਕਸ਼ਨਜ।
*ਬਜਟ:* ਵੱਧ ਤੋਂ ਵੱਧ 5, 00, 000 ਰੁਪਏ
*ਕੈਲੰਡਰ: ਸਾਲ ਵਿਚ ਇਕ ਵਾਰ ਜਨਤਕ ਪ੍ਰਸਤਾਵਾਂ ਦੀ ਮੰਗ ਰਾਹੀਂ ਪ੍ਰਸਤਾਵ ਮੰਗੇ ਜਾਣਗੇ*

3. **ਵਰਕਸ਼ਾਪਜ(ਕਾਰਜਸ਼ਾਲਾਵਾਂ), ਰੈਜੀਡੈਂਸੀਜ (ਰਿਹਾਇਸ਼ਾਂ) ਅਤੇ ਸੈਮੀਨਾਰ:**
   ਸੰਵਾਦ, ਵਿਚਾਰ, ਬਹਿਸ, ਸਿੱਖਿਆ ਅਤੇ ਸੋਧ ਨੂੰ ਵਧਾਉਣ ਵਾਲੇ ਵਾਤਾਵਰਨ ਅਤੇ ਹਾਲਤਾਂ ਬਨਾਉਣਾ। ਇਸ ਵਿਚ ਰੈਜੀਡੈਂਸੀਜ(ਰਿਹਾਇਸ਼ਾਂ) ਜਿਥੇ ਕਲਾਕਾਰਾਂ ਨੂੰ ਸਾਂਝ ਲਈ ਉਤਸ਼ਾਹਿਤ ਕਰਕੇ ਤਜਰਬੇ ਕਰਨ ਦੇ ਮੌਕੇ ਦੇ ਕੇ ਸਿੱਖਿਆ ਦੇਣ; ਵਰਕਸ਼ਾਪਾਂ(ਕਾਰਜਸ਼ਾਲਾਵਾਂ), ਸੈਮੀਨਾਰ ਜਾਂ ਹੋਰ ਤਰ੍ਹਾਂ ਦੇ ਇਕੱਠ ਜਿਨ੍ਹਾਂ ਨਾਲ਼ ਗਿਆਨ ਵਧੇ, ਵਿਵੇਕ ਉਗਮੇ ਅਤੇ ਕਲਾ ਅਭਿਆਸ ਵਿਚ ਵਾਧਾ ਹੋਵੇ।

   *ਬਜਟ:* ਵੱਧ ਤੋਂ ਵੱਧ 3, 00, 000 ਰੁਪਏ
   *ਕੈਲੰਡਰ: ਸਾਲ* ਵਿਚ *ਇੱਕ ਵਾਰ ਜਨਤਕ ਪ੍ਰਸਤਾਵਾਂ ਦੀ ਮੰਗ ਰਾਹੀਂ ਪ੍ਰਸਤਾਵ ਮੰਗੇ ਜਾਣਗੇ*

4. **ਆਰਟ ਪਲੈਟਫਾਰਮ (ਕਲਾ ਮੰਚ)**
   ਨੈੱਟਵਰਕ ਜਾਂ ਸਪੇਸ ਬਨਾਉਣਾ – ਜ਼ਮੀਨੀਂ ਜਾਂ ਹੋਰ ਤਰ੍ਹਾਂ ਦੇ – ਜਿਸ ਨਾਲ਼ ਇੱਕੋ ਵਿਧਾ ਦੇ ਜਾਂ ਹੋਰ ਵਿਧਾਵਾਂ ਦੇ ਕਲਾਕਾਰਾਂ ਵਿਚ ਸਾਂਝੀ ਜ਼ਮੀਨ ਬਣੇ ਅਤੇ ਉਹਨਾਂ ਵਿਚਲੀ ਸਾਂਝੀਵਾਲਤਾ ਵਧੇ, ਉਹਨਾਂ ਦੇ ਅਭਿਆਸਾਂ ਦੀ ਕਲਾਤਮਕਿਤਾ ਅਤੇ ਕਾਰਜਸ਼ੀਲਤਾ ਵਧੇ।

   *ਬਜਟ:* ਵੱਧ ਤੋਂ ਵੱਧ 1, 50, 000 ਰੁਪਏ
   *ਕੈਲੰਡਰ: ਸਾਲ ਵਿਚ ਇਕ ਵਾਰ ਜਨਤਕ ਪ੍ਰਸਤਾਵਾਂ ਦੀ ਮੰਗ ਰਾਹੀਂ ਪ੍ਰਸਤਾਵ ਮੰਗੇ ਜਾਣਗੇ*

(ਆਈ.ਐਫ਼.ਏ. ਵੱਲੋਂ ਪਹਿਲਾਂ ਪ੍ਰਫੁਲਿਤ ਕੀਤੇ ਕੰਮਾਂ ਲਈ ਵੀ ਫੰਡ ਮਿਲ ਸਕਦੇ ਹਨ। ਇਹ ਪ੍ਰੌਜੈਕਟ ਪ੍ਰੋਗਰਾਮ ਅਫ਼ਸਰਾਂ ਨਾਲ਼ ਸਲਾਹ ਕਰਕੇ ਵਧਾਏ ਜਾ ਸਕਦੇ ਹਨ। ਬਜਟ ਦਾ ਫ਼ੈਸਲਾ ਕੇਸ ਮੁਤਾਬਿਕ ਕੀਤਾ ਜਾਵੇਗਾ।)

**ਪ੍ਰਸਤਾਵ ਕੌਣ ਭੇਜ ਸਕਦੇ ਹਨ?**
ਪ੍ਰੋਗਰਾਮ ਕਿਸੇ ਵੀ ਵਿਧਾ ਦੇ ਵਿਚ ਜਾਂ ਵੱਖ-ਵੱਖ ਵਿਧਾਵਾਂ ਵਿਚ ਕੰਮ ਕਰਨ ਵਾਲਿਆਂ ਤੋਂ ਪ੍ਰਸਤਾਵਾਂ ਦੀ ਮੰਗ ਕਰਦਾ ਹੈ। ਇਹਨਾਂ ਵਿਚ

- ਪ੍ਰਫੌਰਮਿੰਗ ਕਲਾਕਾਰ ਜੋ ਸੰਗੀਤ, ਧ੍ਵਨੀ, ਲਿਖਤ, ਨਾਚ, ਮੂਵਮੈਂਟ, ਰੰਗਮੰਚ, ਪੁਤਲੀਤਮਾਸ਼ਾ, ਕਥਾਕਾਰੀ, ਜਾਦੂ, ਸਰਕਸ ਜਾਂ ਹੋਰਨਾਂ ਪ੍ਰਫੌਰਮੈਂਸ ਦੀਆਂ ਕਲਾਵਾਂ ਵਿਚ ਕੰਮ ਕਰਨ ਵਾਲੇ
- ਵਿਜੁਅਲ(ਦ੍ਰਿਸ਼) ਕਲਾਕਾਰ ਜੋ ਫ਼ਿਲਮ(ਦਸਤਾਵੇਜ਼ੀ ਜਾਂ ਕਾਲਪਨਿਕ), ਐਨੀਮੇਸ਼ਨ, ਫ਼ੋਟੋਗਰਾਫੀ, ਇੰਸਟਾਲੇਸ਼ਨ, ਨਵਾਂ ਮੀਡੀਆ, ਆਰਟੀਫੀਸ਼ੀਅਲ ਇੰਟੈਲੀਜੈਂਸ, ਰੋਬੋਟਿਕਸ, ਇੰਟਰਐਕਟਿਵ ਆਰਟਸ, ਗੇਮਿੰਗ, ਚਿੱਤਰਕਲਾ, ਬੁੱਤਤਰਾਸ਼ੀ, ਪਰਿੰਟਮੇਕਿੰਗ, ਕੌਮਿਕ ਕਿਤਾਬਾਂ, ਗਰਾਫ਼ਿਕ ਬਿਰਤਾਂਤਾਂ, ਕਲਾ ਕਿਤਾਬਾਂ ਜਾਂ ਹੋਰ ਦ੍ਰਿਸ਼ ਕਲਾਵਾਂ ਵਿਚ ਕੰਮ ਕਰਨ ਵਾਲੇ
- ਕਿਊਰੇਟਰ, ਖਾਸ ਤੌਰ 'ਤੇ ਉਹ ਜੋ ਗੈਲਰੀ ਦੇ ਬਾਹਰ ਕੰਮ ਕਰਦੇ ਹਨ

- ਕਵੀ, ਨਾਵਲਕਾਰ, ਨਾਟਕਕਾਰ ਜੋ ਸਾਹਿਤਕਲਾ ਵਿਚ ਕੰਮ ਕਰਦੇ ਹਨ
- ਕਈ ਵਿਧਾਵਾਂ ਵਿਚ ਕੰਮ ਕਰਨ ਵਾਲੇ ਕਲਾਕਾਰ

**ਯੋਗਤਾ**
ਜੇ ਤੁਸੀਂ ਭਾਰਤੀ ਨਾਗਰਿਕ ਹੋ ਤਾਂ ਪ੍ਰੋਜੈਕਟ ਪ੍ਰਸਤਾਵ ਭੇਜ ਸਕਦੇ ਹੋ। ਤੁਹਾਡੇ ਸਹਿਯੋਗੀ ਵੀ ਭਾਰਤੀ ਹੋਣੇ ਚਾਹੀਦੇ ਹਨ।

ਸਵਾਲਾਂ ਜਾਂ ਪੁੱਛਗਿੱਛ ਲਈ ਸੁਮਾਨਾ ਚੰਦਰਸ਼ੇਖਰ ਨੂੰ sumana@indiaifa.org ਤੇ ਜਾਂ ਜੌਨ ਜੇਵੀਅਰਜ ਨੂੰ john@indiaifa.org ਤੇ ਲਿਖੋ।

ਤੁਸੀਂ ਹੇਠ ਲਿਖੇ ਪਤੇ 'ਤੇ ਵੀ ਲਿਖ ਸਕਦੇ ਹੋ:
ਪ੍ਰੋਗਰਾਮ ਅਫਸਰ, ਆਰਟਸ ਪ੍ਰੈਕਟਿਸ
ਇੰਡੀਆ ਫਾਊਂਡੇਸ਼ਨ ਫਾਰ ਦਿ ਆਰਟਸ
'ਅਪੂਰਵਾ' ਹੇਠਲੀ ਮੰਜ਼ਿਲ, ਨੰਬਰ 259, ਚੌਥਾ ਕਰੌਸ
ਰਾਜ ਮਹਿਲ ਵਿਲਾਸ ਦੂਜਾ ਸਟੇਜ, ਦੂਜਾ ਬਲੌਕ
ਬੈਂਗਲੌਰ – 560094
ਫ਼ੋਨ: 080- 23414681/82